Daily Ajit, Jalandhar

ਜਲੰਧਰ : ਬੁੱਧਵਾਰ, 09 ਨਵੰਬਰ, 2009 28 ਕੱਤਕ ਨਾਨਕਸ਼ਾਹੀ ਸੰਮਤ 541, ਭਾਰਤੀ ਸਮਾਂ : 2:29:30 AM

# ਜਿਊਰਿਖ 'ਚ ਪ੍ਰਕਾਸ਼ ਪੁਰਬ ਮਨਾਇਆ



ਜਿਊਰਿਖ ਵਿਖੇ ਕੀਰਤਨ ਕਰਦੇ ਹੋਏ ਬੱਚੇ।

ਮਿਲਾਨ (ਇਟਲੀ), 8 ਨਵੰਬਰ (ਇੰਦਰਜੀਤ ਸਿੰਘ ਲੁਗਾਣਾ)-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਵਿਟਜ਼ਰਲੈਂਡ ਦੇ ਸ਼ਹਿਰ ਜ਼ਿਊਰਿਖ 'ਚ ਸਮੂਹ ਸੰਗਤਾਂ ਵੱਲੋਂ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਸੰਤੋਖ ਸਿੰਘ ਦੇ ਜਥੇ ਅਤੇ ਸਵਿਸ 'ਚ ਵੱਸੇ ਪੰਜਾਬੀ ਬੱਚਿਆਂ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਸ: ਗੁਰਦੀਪ ਸਿੰਘ ਕੁੰਦਨ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਉਪਰੰਤ ਮਾਸਟਰ ਕਰਨ ਸਿੰਘ ਨੇ ਵੀ ਸੰਗਤਾਂ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਸਵਿਸ ਦੇ ਪਾਦਰੀ ਸ਼ਾਹਰਪੀਟਰ ਵਿਟਵਰ ਵੀ ਹਾਜ਼ਰ ਸਨ।